بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸੰਨ 7 ਅਤੇ 8 ਹਿਜਰੀ ਦੀਆਂ ਕੁੱਝ ਜੰਗਾਂ ਅਤੇ ਸਿਰਿੱਯਾਵਾਂ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ ਅਤੇ ਪਾਕਿਸਤਾਨ ਦੇ ਅਹਮਦੀਆਂ ਦੇ ਲਈ ਦੁਆਵਾਂ ਦੀ ਤਹਿਰੀਕ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 18 ਅਪ੍ਰੈਲ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਹਵਾਲੇ ਨਾਲ਼ ਕੁੱਝ ਜੰਗਾਂ ਅਤੇ ਸਿਰਿੱਯਾਵਾਂ ਦਾ ਅੱਜ ਜ਼ਿਕਰ ਕਰਾਂਗਾ। ਤਾਰੀਖ਼ ਵਿੱਚ ਤੁਰਬਾ ਦੇ ਵੱਲ ਇੱਕ ਸਿਰਿੱਯਾ ਹਜ਼ਰਤ ਉਮਰ ਬਿਨ ਖ਼ੱਤਾਬ ਰਜ਼ਿ ਅੱਲਾਹੁ ਅਨਹੁ ਦਾ ਜ਼ਿਕਰ ਵੀ ਮਿਲ਼ਦਾ ਹੈ। ਇਹ ਸਿਰਿੱਯਾ ਸ਼ਾਅਬਾਨ ਸੱਤ ਹਿਜਰੀ ਵਿੱਚ ਹੋਇਆ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਉਮਰ ਬਿਨ ਖ਼ੱਤਾਬ ਰਜ਼ਿ ਅੱਲਾਹੁ ਅਨਹੁ ਨੂੰ ਹਵਾਜ਼ਨ ਕ਼ਬੀਲੇ ਵੱਲ ਤੁਰਬਾ ਮੁਕ਼ਾਮ ਦੇ ਵੱਲ 30 ਵਿਅਕਤੀਆਂ ਨਾਲ਼ ਭੇਜਿਆ। ਇਸ ਸਿਰਿੱਯਾ ਨੂੰ ਭੇਜਣ ਦਾ ਕਾਰਨ ਇਹ ਸੀ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਤੁਰਬਾ ਦੇ ਵਸਨੀਕਾਂ ਵੱਲੋਂ ਇਸਲਾਮ ਦੇ ਖ਼ਿਲਾਫ਼ ਸਾਜ਼ਿਸ਼ਾਂ ਦੀ ਸੂਚਨਾ ਮਿਲੀ ਸੀ। ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਰਵਾਨਾ ਹੋਏ, ਤੁਰਬਾ ਦੇ ਵਸਨੀਕਾਂ ਨੂੰ ਖ਼ਬਰ ਪਹੁੰਚੀ ਤਾਂ ਉਹ ਉੱਥੋਂ ਭੱਜ ਗਏ। ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਉਹਨਾਂ ਦੇ ਇਲਾਕ਼ੇ ਵਿੱਚ ਪਹੁੰਚੇ, ਪਰ ਉੱਥੇ ਕੋਈ ਨਹੀਂ ਸੀ, ਉਹਨਾਂ ਦਾ ਸਾਰਾ ਮਾਲ ਅਤੇ ਡੰਗਰ ਆਦਿ ਉੱਥੇ ਹੀ ਸਨ, ਕਿਉਂਕਿ ਇਹ ਸ਼ਰਾਰਤੀ ਲੋਕ ਸਨ ਇਸ ਲਈ ਆਪ ਰਜ਼ਿ ਅੱਲਾਹੁ ਅਨਹੁ ਨੇ ਉਹ ਸਾਰਾ ਮਾਲ ਆਪਣੇ ਕ਼ਬਜ਼ੇ ਵਿੱਚ ਕਰ ਲਿਆ ਅਤੇ ਵਾਪਸ ਚੱਲ ਪਏ।

ਫਿਰ ਇੱਕ ਸਿਰਿੱਯਾ ਹਜ਼ਰਤ ਬਸ਼ੀਰ ਬਿਨ ਸਾਅਦ ਫ਼ਿਦਕ ਵਿੱਚ ਬਨੂ ਮੁੱਰਾ ਵੱਲ ਹੈ। ਇਹ ਸਿਰਿੱਯਾ ਸ਼ਾਅਬਾਨ ਸੱਤ ਹਿਜਰੀ ਵਿੱਚ ਹਜ਼ਰਤ ਬਸ਼ੀਰ ਬਿਨ ਸਾਅਦ ਰਜ਼ਿ ਅੱਲਾਹੁ ਅਨਹੁ ਦੀ ਅਗਵਾਈ ਵਿੱਚ ਹੋਇਆ। ਇਸ ਸਿਰਿੱਯਾ ਦੀ ਤਫ਼ਸੀਲ ਇੰਝ ਬਿਆਨ ਹੋਈ ਹੈ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਬਸ਼ੀਰ ਬਿਨ ਸਾਅਦ ਨੂੰ ਤੀਹ ਸਹਾਬਾ ਨਾਲ਼ ਫ਼ਿਦਕ ਵਿੱਚ ਬਿਨ ਬਨੂ ਮੁੱਰਾ ਵੱਲ ਭੇਜਿਆ। ਇਹ ਸਪਸ਼ਟ ਹੋਵੇ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਇਹਨਾਂ ਮੁਹਿੰਮਾਂ ਜਾਂ ਜੰਗਾਂ ਲਈ ਉਸ ਵੇਲ਼ੇ ਭੇਜਦੇ ਸਨ ਜਦ ਖ਼ਬਰ ਹੁੰਦੀ ਸੀ ਕਿ ਲੋਕ ਇਸਲਾਮ ਦੇ ਖ਼ਿਲਾਫ਼ ਸਾਜ਼ਿਸ਼ ਕਰ ਰਹੇ ਹਨ। ਸਹਾਬਾ ਰਵਾਨਾ ਹੋਏ ਅਤੇ ਬੱਕਰੀਆਂ ਚਰਾਉਣ ਵਾਲਿਆਂ ਨਾਲ਼ ਮਿਲ਼ੇ ਅਤੇ ਉਹਨਾਂ ਕੋਲ਼ੋਂ ਬਨੂ ਮੁੱਰਾ ਬਾਰੇ ਪੁੱਛਿਆ, ਉਹਨਾਂ ਨੇ ਦੱਸਿਆ ਕਿ ਬਨੂ ਮੁੱਰਾ ਆਪਣੀ ਵਾਦੀ ਵਿੱਚ ਹਨ ਅਤੇ ਚਸ਼ਮੇ 'ਤੇ ਨਹੀਂ ਆਏ। ਸਹਾਬਾ ਨੇ ਉਹਨਾਂ ਦੀਆਂ ਭੇਡ ਬੱਕਰੀਆਂ ਹੱਕੀਆਂ ਅਤੇ ਮਦੀਨੇ ਵੱਲ ਵਾਪਸ ਰਵਾਨਾ ਹੋ ਗਏ। ਬਨੂ ਮੁੱਰਾ ਦਾ ਐਲਾਨ ਕਰਨ ਵਾਲ਼ਾ ਪੁਕਾਰ ਉੱਠਿਆ, ਇਸ ਵਾਕ਼ੇ ਦੀ ਖ਼ਬਰ ਦਿੱਤੀ। ਇਸ 'ਤੇ ਬਨੂ ਮੁੱਰਾ ਦੇ ਲੋਕ ਵਾਪਸ ਆਏ ਅਤੇ ਉਹਨਾਂ ਨੇ ਮੁਸਲਮਾਨਾਂ 'ਤੇ ਬਹੁਤ ਵੱਡੀ ਫ਼ੌਜ ਲੈ ਕੇ ਹਮਲਾ ਕੀਤਾ। ਸਾਰੀ ਰਾਤ ਮੁਸਲਮਾਨ ਤੀਰ ਅੰਦਾਜ਼ੀ ਕਰਦੇ ਰਹੇ ਇੱਥੋਂ ਤੱਕ ਕਿ ਸਹਾਬਾ ਦੇ ਤੀਰ ਖ਼ਤਮ ਹੋ ਗਏ। ਜਦ ਮੁਸਲਮਾਨਾਂ ਨੇ ਸਵੇਰ ਕੀਤੀ ਤਾਂ ਬਨੂ ਮੁੱਰਾ ਨੇ ਦੁਬਾਰਾ ਹਮਲਾ ਕਰ ਦਿੱਤਾ ਅਤੇ ਹਜ਼ਰਤ ਬਸ਼ੀਰ ਰਜ਼ਿ ਅੱਲਾਹੁ ਅਨਹੁ ਦੇ ਸਾਥੀਆਂ ਨੂੰ ਸ਼ਹੀਦ ਕਰ ਦਿੱਤਾ। ਆਪ ਰਜ਼ਿ ਅੱਲਾਹੁ ਅਨਹੁ ਉਹਨਾਂ ਲੋਕਾਂ ਨਾਲ਼ ਸ਼ਦੀਦ ਜੰਗ ਕਰਦੇ ਰਹੇ ਇੱਥੋਂ ਤੱਕ ਕਿ ਉਹ ਜ਼ਖ਼ਮੀ ਹੋ ਕੇ ਡਿੱਗ

ਪਏ, ਉਹਨਾਂ ਦੇ ਗਿੱਟੇ ਤੇ ਸੱਟ ਲੱਗੀ ਅਤੇ ਸਮਝਿਆ ਗਿਆ ਕਿ ਉਹ ਫ਼ੌਤ ਹੋ ਗਏ ਹਨ ਪਰ ਉਹ ਮਹਿਫ਼ੂਜ਼ ਰਹੇ। ਫਿਰ ਬਨੂ ਮੁੱਰਾ ਆਪਣੀਆਂ ਭੇਡਾਂ ਅਤੇ ਬੱਕਰੀਆਂ ਲੈ ਕੇ ਵਾਪਸ ਚਲੇ ਗਏ।

ਫਿਰ ਇੱਕ ਸਿਰਿੱਯਾ ਹਜ਼ਰਤ ਗ਼ਾਲਿਬ ਬਿਨ ਅਬਦੁੱਲਾਹ ਲੈਸੀ ਮੀਫ਼ਆ ਦੇ ਵੱਲ ਦਾ ਜ਼ਿਕਰ ਹੈ। ਇਹ ਸਿਰਿੱਯਾ ਰਮਜ਼ਾਨ ਸੱਤ ਹਿਜਰੀ ਵਿੱਚ ਹੋਇਆ। ਇਬਨਿ ਸਾਅਦ ਨੇ ਲਿਖਿਆ ਹੈ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪ ਰਜ਼ਿ ਅੱਲਾਹੁ ਅਨਹੁ ਨੂੰ ਬਨੂ ਅਵਾਲ ਅਤੇ ਬਨੂ ਅਬਦ ਬਿਨ ਸਾਅਲਬਾ ਵੱਲ ਭੇਜਿਆ ਜਿਹੜੇ ਮੀਫ਼ਆ ਵਿੱਚ ਸਨ। ਉਹਨਾਂ ਨੇ ਮੁਸਲਮਾਨਾਂ ਦੇ ਖ਼ਿਲਾਫ਼ ਪ੍ਰੋਪੇਗੰਡਾ ਕਰਦੇ ਹੋਏ ਲੋਕਾਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਸੀ, ਤਾਂ ਜੋ ਅਹਜ਼ਾਬਿ ਅਰਬ ਵਰਗੀ ਕੋਈ ਹੋਰ ਕਾਰਵਾਈ ਕੀਤੀ ਜਾ ਸਕੇ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪ ਰਜ਼ਿ ਅੱਲਾਹੁ ਅਨਹੁ ਨੂੰ ਇੱਕ ਸੌ ਤੀਹ ਸਹਾਬਾ ਦੇ ਨਾਲ਼ ਭੇਜਿਆ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਜ਼ਾਦ ਕੀਤੇ ਹੋਏ ਗ਼ੁਲਾਮ ਹਜ਼ਰਤ ਯਸਾਰ ਰਜ਼ਿ ਅੱਲਾਹੁ ਅਨਹੁ ਉਹਨਾਂ ਦੇ ਗਾਈਡ ਸਨ। ਮੁਸਲਮਾਨਾਂ ਨੇ ਇੱਕਜੁੱਟ ਉਹਨਾਂ 'ਤੇ ਹਮਲਾ ਕੀਤਾ ਅਤੇ ਉਹਨਾਂ ਦੀਆਂ ਆਬਾਦੀਆਂ ਦੇ ਦਰਮਿਆਨ ਤੱਕ ਜਾ ਪਹੁੰਚੇ। ਉਹਨਾਂ ਵਿੱਚੋਂ ਜਿਹੜਾ ਮੁਕ਼ਾਬਲੇ 'ਤੇ ਆਇਆ ਉਸ ਨੂੰ ਕ਼ਤਲ ਕਰ ਦਿੱਤਾ ਅਤੇ ਮਾਲਿ ਗ਼ਨੀਮਤ ਵਿੱਚ ਭੇਡ ਬੱਕਰੀਆਂ ਮਦੀਨੇ ਲੈ ਆਏ ਅਤੇ ਕਿਸੇ ਨੂੰ ਕ਼ੈਦੀ ਨਾ ਬਣਾਇਆ।

ਇਬਨਿ ਸਾਅਦ ਨੇ ਲਿਖਿਆ ਹੈ ਕਿ ਇਹ ਉਹੀ ਸਿਰਿੱਯਾ ਹੈ ਜਿਸ ਵਿੱਚ ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ਿ ਅੱਲਾਹੁ ਅਨਹੁ ਨੇ ਮਿਰਦਾਸ ਬਿਨ ਨਹੀਕ ਨੂੰ ਕ਼ਤਲ ਕੀਤਾ, ਜਿਸ ਨੇ ਲਾ ਇਲਾਹਾ ਇੱਲ ਲੱਲਾਹ لا إله إلا الله ਕਹਿ ਦਿੱਤਾ ਸੀ। ਬੁਖ਼ਾਰੀ ਸ਼ਰੀਫ਼ ਵਿੱਚ ਇਸ ਵਾਕ਼ੇ ਦੀ ਤਫ਼ਸੀਲ ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ਿ ਅੱਲਾਹੁ ਅਨਹੁ ਦੀ ਰਿਵਾਇਤ ਦੇ ਮੁਤਾਬਿਕ਼ ਇੰਝ ਮਿਲ਼ਦੀ ਹੈ ਕਿ ਜਦ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਹ ਖ਼ਬਰ ਪਹੁੰਚੀ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਐ ਉਸਾਮਾ! ਕੀ ਤੂੰ ਉਸ ਨੂੰ ਮਾਰ ਸੁੱਟਿਆ ਇਸ ਦੇ ਬਾਅਦ ਵੀ ਕਿ ਉਸਨੇ ਲਾ ਇਲਾਹਾ ਇੱਲ ਲੱਲਾਹ لا إله إلا الله ਕਿਹਾ, ਮੈਂ ਆਖਿਆ ਕਿ ਉਹ ਆਪਣਾ ਬਚਾਓ ਕਰ ਰਿਹਾ ਸੀ, ਪਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਲਗਾਤਾਰ ਇਹੀ ਦੋਹਰਾਉਂਦੇ ਰਹੇ। ਇੱਥੋਂ ਤੱਕ ਕਿ ਮੈਂ ਇਹ ਆਰਜ਼ੂ ਕੀਤੀ ਕਿ ਮੈਂ ਉਸ ਦਿਨ ਤੋਂ ਪਹਿਲਾਂ ਮੁਸਲਮਾਨ ਨਾ ਹੋਇਆ ਹੁੰਦਾ। ਮੁਸਲਿਮ ਨੇ ਇਸ ਰਿਵਾਇਤ ਨੂੰ ਇੰਝ ਦਰਜ ਕੀਤਾ ਹੈ ਕਿ ਤੂੰ ਕਿਉਂ ਨਾ ਉਸਦਾ ਦਿਲ ਚੀਰਿਆ ਤਾਂ ਜੋ ਤੂੰ ਜਾਣ ਲੈਂਦਾ ਕਿ ਉਸਨੇ ਇਹ ਦਿਲ ਨਾਲ਼ ਕਿਹਾ ਸੀ ਜਾਂ ਨਹੀਂ।

ਹਜ਼ੂਰ ਨੇ ਫ਼ਰਮਾਇਆ ਲੇਕਿਨ ਅੱਜ ਕੱਲ ਦੇ ਮੌਲਵੀ ਇਹ ਸਮਝਦੇ ਹਨ ਕਿ ਉਹਨਾਂ ਨੇ ਅਹਮਦੀਆਂ ਦੇ ਦਿਲ ਚੀਰ ਕੇ ਦੇਖ ਲਏ ਹਨ। ਇਸ ਲਈ ਅਹਮਦੀਆਂ ਨੂੰ ਸ਼ਹੀਦ ਕਰਨਾ ਅਤੇ ਉਹਨਾਂ 'ਤੇ ਜ਼ੁਲਮ ਕਰਨਾ ਜਾਇਜ਼ ਹੈ। ਅੱਲਾਹ ਤਆਲਾ ਉਹਨਾਂ ਦੀ ਪਕੜ ਦੇ ਵੀ ਸਮਾਨ ਕਰੇ।

ਇੱਕ ਰਿਵਾਇਤ ਵਿੱਚ ਹੈ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮਿਰਦਾਸ ਦੇ ਪਰਿਵਾਰ ਵਾਲਿਆਂ ਨੂੰ ਉਸ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਅਤੇ ਉਸ ਦਾ ਮਾਲ ਉਹਨਾਂ ਨੂੰ ਵਾਪਸ ਕਰ ਦਿੱਤਾ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਇਸ ਵਾਕ਼ੇ ਨੂੰ ਇੰਝ ਬਿਆਨ ਕੀਤਾ ਹੈ ਕਿ ਜਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਲੜਾਈ ਦੀ ਖ਼ਬਰ ਦੇਣ ਲਈ ਇੱਕ ਦਿਹਾਤੀ ਵਿਅਕਤੀ ਮਦੀਨੇ ਪਹੁੰਚਿਆ, ਤਾਂ ਉਸ ਨੇ ਲੜਾਈ ਦੇ ਸਾਰੇ ਹਾਲਾਤ ਬਿਆਨ ਕਰਦੇ ਕਰਦੇ ਇਹ ਵਾਕ਼ਿਆ ਵੀ ਬਿਆਨ ਕੀਤਾ, ਇਸ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਾਮਾ ਨੂੰ ਬੁਲਵਾਇਆ ਅਤੇ ਪੁੱਛਿਆ ਕਿ ਕੀ ਤੂੰ ਉਸ ਆਦਮੀ ਨੂੰ ਮਾਰ ਦਿੱਤਾ ਸੀ? ਉਹਨਾਂ ਨੇ ਕਿਹਾ ਕਿ ਹਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕ਼ਿਆਮਤ ਦੇ ਦਿਨ ਤੂੰ ਕੀ ਕਰੇਂਗਾ ਜਦ ਲਾ ਇਲਾਹਾ ਇੱਲ ਲੱਲਾਹ لا إله إلا الله ਤੇਰੇ ਖ਼ਿਲਾਫ਼ ਗਵਾਹੀ ਦੇਵੇਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜਿਵੇਂ ਕਿ ਮੈਂ ਪਹਿਲਾਂ ਕਿਹਾ, ਇਹ ਮੌਲਵੀ ਅਤੇ ਇਹਨਾਂ ਦੇ ਚੇਲੇ ਜਿਹੜੇ ਅੱਜ ਕੱਲ ਪਾਕਿਸਤਾਨ ਵਿੱਚ ਹਨ, ਜੰਨਤ ਵਿੱਚ ਜਾਣ ਦੀਆਂ ਗੱਲਾਂ ਕਰਦੇ ਹਨ, ਕਹਿੰਦੇ ਹਨ ਕਿ ਅਹਮਦੀਆਂ ਨੂੰ ਕ਼ਤਲ ਕਰੋ ਤਾਂ ਜੰਨਤ ਵਿੱਚ ਜਾਓਗੇ। ਪਰ ਉਹਨਾਂ ਨੂੰ ਪਤਾ ਨਹੀਂ ਕਿ ਇਹ ਅਮਲ ਉਹਨਾਂ ਨੂੰ ਅੱਲਾਹ ਤਆਲਾ ਦੀ ਸਜ਼ਾ ਦਾ ਹੱਕਦਾਰ ਬਣਾ ਰਹੇ ਹਨ। ਕਦੀ ਨਾ ਕਦੀ ਤਾਂ ਅੱਲਾਹ ਤਆਲਾ ਦੀ ਪਕੜ ਇਹਨਾਂ 'ਤੇ ਆਵੇਗੀ।

ਫਿਰ ਇੱਕ ਸਿਰਿੱਯਾ ਹੈ ਹਜ਼ਰਤ ਬਸ਼ੀਰ ਬਿਨ ਸਾਅਦ ਜਿਹੜਾ ਯਮਨ ਅਤੇ ਜੱਬਾਰ ਵੱਲ ਹੈ। ਇਸ ਸਿਰਿੱਯਾ ਸ਼ੱਵਾਲ ਸੱਤ ਹਿਜਰੀ ਵਿੱਚ ਹੋਇਆ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਖ਼ਬਰ ਮਿਲ਼ੀ ਕਿ ਗ਼ਤਫ਼ਾਨ ਦਾ ਇੱਕ ਗਿਰੋਹ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਖ਼ਿਲਾਫ਼ ਜਮ੍ਹਾ ਹੋ ਰਿਹਾ ਹੈ ਅਤੇ ਉਯੈਨਾ ਬਿਨ ਹਿਸ੍ਨ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਖ਼ਿਲਾਫ਼ ਉਹਨਾਂ ਦਾ ਸਾਥ ਦੇਣ ਦਾ ਵਾਅਦਾ ਕੀਤਾ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬੂ ਬਕਰ ਰਜ਼ਿ

ਅੱਲਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੇ ਮਸ਼ਵਰੇ ਨਾਲ਼ ਹਜ਼ਰਤ ਬਸ਼ੀਰ ਬਿਨ ਸਾਅਦ ਨੂੰ ਅਤੇ ਉਹਨਾਂ ਦੇ ਨਾਲ਼ ਤਿੰਨ ਸੌ ਸਹਾਬਾ ਨੂੰ ਰਵਾਨਾ ਫ਼ਰਮਾਇਆ। ਜਦ ਉਹ ਜਵਾਰ ਮੁਕ਼ਾਮ 'ਤੇ ਪਹੁੰਚੇ ਤਾਂ ਗ਼ਤਫ਼ਾਨੀ ਲੋਕ ਇਹ ਖ਼ਬਰ ਸੁਣ ਕੇ ਆਪਣੇ ਮਾਲ ਅਤੇ ਡੰਗਰ ਛੱਡ ਕੇ ਆਪਣੀ ਬਸਤੀ ਦੇ ਉੱਪਰਲੇ ਹਿੱਸਿਆਂ ਵੱਲ ਫ਼ਰਾਰ ਹੋ ਗਏ। ਉਹਨਾਂ ਵਿੱਚੋਂ ਸਿਰਫ਼ ਦੋ ਆਦਮੀ ਹੱਥ ਲੱਗੇ ਜਿਹਨਾਂ ਨੂੰ ਗਿਰਫ਼ਤਾਰ ਕਰ ਲਿਆ ਗਿਆ। ਸਹਾਬਾ ਨੇ ਭੇਡ ਬੱਕਰੀਆਂ ਅਤੇ ਊਠ ਆਪਣੇ ਕ਼ਬਜ਼ੇ ਵਿੱਚ ਲੈ ਲਏ ਅਤੇ ਕ਼ੈਦੀਆਂ ਸਮੇਤ ਵਾਪਸ ਮਦੀਨੇ ਆ ਗਏ। ਇੱਥੇ ਉਹ ਦੋਵੇਂ ਕ਼ੈਦੀ ਮੁਸਲਮਾਨ ਹੋ ਗਏ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹਨਾਂ ਨੂੰ ਵਾਪਸ ਆਪਣੇ ਇਲਾਕ਼ੇ ਵਿੱਚ ਜਾਣ ਦਿੱਤਾ।

ਉਮਰਤੁਲ ਕ਼ਜ਼ਾ ਦੀ ਤਫ਼ਸੀਲ ਇੰਝ ਬਿਆਨ ਹੋਈ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਜ਼ਿਲਕ਼ਾਅਦਾ ਸੱਤ ਹਿਜਰੀ ਯਾਨੀ ਫਰਵਰੀ 629 ਈ: ਵਿੱਚ ਉਮਰਤੁਲ ਕ਼ਜ਼ਾ ਲਈ ਰਵਾਨਾ ਹੋਏ। ਇਹ ਉਹੀ ਮਹੀਨਾ ਸੀ ਜਿਸ ਵਿੱਚ ਪਿਛਲੇ ਸਾਲ ਮੱਕੇ ਦੇ ਮੁਸ਼ਰਿਕਾਂ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਉਮਰਾ ਨਾ ਕਰਨ ਦਿੱਤਾ ਸੀ ਅਤੇ ਹੁਦੈਬਿਯਾ ਦੇ ਮੁਕ਼ਾਮ ਤੋਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤਸ਼ਰੀਫ਼ ਲੈ ਆਏ ਸਨ। ਫਲਸਰੂਪ ਹੁਣ ਉਸ ਉਮਰੇ ਦੀ ਕ਼ਜ਼ਾ ਦੇ ਲਈ ਹਜ਼ੂਰ ਤਸ਼ਰੀਫ ਲੈ ਗਏ। ਉਮਰੇ ਦੇ ਲਈ ਰਵਾਨਗੀ ਦੀ ਤਫ਼ਸੀਲ ਇਸ ਤਰ੍ਹਾਂ ਬਿਆਨ ਹੋਈ ਹੈ ਕਿ ਇਸ ਉਮਰੇ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਦੋ ਹਜ਼ਾਰ ਸਹਾਬਾ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਕ਼ੁਰਬਾਨੀ ਦੇ ਸੱਠ ਊਠ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਸਹਾਬਾ ਕਰਾਮ ਦੇ ਮਜਮੇ ਦੇ ਨਾਲ਼ ਤਲਬੀਆ ਕਰਦੇ ਹੋਏ ਹਰਮ ਵੱਲ ਵਧੇ, ਕ਼ੁਰਬਾਨੀ ਦੇ ਜਾਨਵਰਾਂ ਨੂੰ ਜ਼ਿੱਤ ਤੁਵਾ ਵੱਲ ਭੇਜ ਦਿੱਤਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੀ ਊਠਣੀ ਕ਼ੁਸਵਾ 'ਤੇ ਸਵਾਰ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮਸਜਿਦਿ ਹਰਾਮ ਵਿੱਚ ਪਹੁੰਚ ਕੇ ਇਜ਼ਤਿਬਾਅ ਕਰ ਲਿਆ ਯਾਨੀ ਚਾਦਰ ਨੂੰ ਇਸ ਤਰ੍ਹਾਂ ਲੈ ਲਿਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਸੱਜਾ ਮੋਢਾ ਅਤੇ ਬਾਂਹ ਖੁੱਲ੍ਹ ਗਈ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਖ਼ੁਦਾ ਉਸ 'ਤੇ ਆਪਣੀ ਰਹਿਮਤ ਨਾਜ਼ਿਲ ਫ਼ਰਮਾਏ ਜਿਹੜਾ ਇਹਨਾਂ ਕਾਫ਼ਰਾਂ ਦੇ ਸਾਹਮਣੇ ਆਪਣੀ ਤਾਕ਼ਤ ਦਾ ਇਜ਼ਹਾਰ ਕਰੇ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਹਾਬਾ ਦੇ ਨਾਲ਼ ਤਵਾਫ਼ ਦੇ ਸ਼ੁਰੂ ਦੇ ਤਿੰਨ ਚੱਕਰਾਂ ਵਿੱਚ ਮੋਢਿਆਂ ਨੂੰ ਹਿਲਾ ਹਿਲਾ ਕੇ ਚੰਗੀ ਤਰ੍ਹਾਂ ਆਕੜਦੇ ਹੋਏ ਚੱਲ ਕੇ ਤਵਾਫ਼ ਕੀਤਾ।

ਇਸ ਮੌਕ਼ੇ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਹਜ਼ਰਤ ਮੈਮੂਨਾ ਰਜ਼ਿ ਅੱਲਾਹੁ ਅਨਹਾ ਨਾਲ਼ ਸ਼ਾਦੀ ਦਾ ਵੀ ਜ਼ਿਕਰ ਮਿਲ਼ਦਾ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਮੱਕੇ ਵਿੱਚ ਤਿੰਨ ਦਿਨ ਰਹੇ। ਚੌਥੇ ਦਿਨ ਮੱਕੇ ਵਾਲਿਆਂ ਦੀ ਮੰਗ ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ੌਰਨ ਸਾਰੇ ਸਹਾਬਾ ਦੇ ਨਾਲ਼ ਮੱਕੇ ਤੋਂ ਰਵਾਨਾ ਹੋਏ।

ਇਸ ਸਫ਼ਰ ਵਿੱਚ ਹਜ਼ਰਤ ਹਮਜ਼ਾ ਦੀ ਬੇਟੀ ਦਾ ਵੀ ਵਾਕ਼ਿਆ ਮਿਲ਼ਦਾ ਹੈ। ਜਦ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਮੱਕੇ ਤੋਂ ਜਾਣ ਲੱਗੇ ਤਾਂ ਹਜ਼ਰਤ ਹਮਜ਼ਾ ਦੀ ਬੇਟੀ ਆਪ ਦੇ ਪਿੱਛੇ ਪੁਕਾਰਦੀ ਹੋਈ ਆਈ ਕਿ ਐ ਮੇਰੇ ਚਾਚਾ! ਐ ਮੇਰੇ ਚਾਚਾ! ਇਸ 'ਤੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੇ ਉਸ ਨੂੰ ਲੈ ਲਿਆ, ਉਸ ਦਾ ਹੱਥ ਫੜਿਆ ਤੇ ਹਜ਼ਰਤ ਫ਼ਾਤਮਾ ਰਜ਼ਿ ਅੱਲਾਹੁ ਅਨਹਾ ਨੂੰ ਕਿਹਾ ਕਿ ਆਪਣੇ ਚਾਚੇ ਦੀ ਬੇਟੀ ਨੂੰ ਲੈ ਲੈ। ਉਹਨਾਂ ਨੇ ਉਸ ਨੂੰ ਸਵਾਰ ਕਰ ਲਿਆ। ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ, ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਜਾਅਫ਼ਰ ਰਜ਼ਿ ਅੱਲਾਹੁ ਅਨਹੁ ਨੇ ਉਹਨਾਂ ਦੇ ਬਾਰੇ ਝਗੜਾ ਕੀਤਾ ਤਾਂ ਨਬੀ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਦਾ ਫ਼ੈਸਲਾ ਉਸ ਦੀ ਮਾਸੀ ਦੇ ਹੱਕ਼ ਵਿੱਚ ਕੀਤਾ ਅਤੇ ਫ਼ਰਮਾਇਆ ਕਿ ਮਾਸੀ ਮਾਂ ਦੀ ਥਾਂ ਹੁੰਦੀ ਹੈ। ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਕੀ ਤੁਸੀਂ ਹਜ਼ਰਤ ਹਮਜ਼ਾ ਦੀ ਬੇਟੀ ਨਾਲ਼ ਸ਼ਾਦੀ ਨਹੀਂ ਕਰੋਗੇ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਉਹ ਮੇਰੇ ਰਜ਼ਾਈ ਭਰਾ ਦੀ ਬੇਟੀ ਹੈ, ਇਸ ਰਿਸ਼ਤੇ ਨਾਲ਼ ਸ਼ਾਦੀ ਨਹੀਂ ਹੋ ਸਕਦੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਜ਼ੁਲਹੱਜਾ ਦੇ ਮਹੀਨੇ ਵਿੱਚ ਮਦੀਨੇ ਤਸ਼ਰੀਫ਼ ਲੈ ਆਏ।

ਇੱਕ ਸਿਰਿੱਯਾ ਅਖ਼ਰਮ ਬਿਨ ਅਬੀ ਔਜਾਅ, ਬਨੂ ਸਲੀਮ ਦੇ ਵੱਲ ਹੈ। ਇਹ ਸਿਰਿੱਯਾ ਜ਼ੁਲਹੱਜਾ ਸੱਤ ਹਿਜਰੀ ਵਿੱਚ ਹੋਇਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਖ਼ਰਮ ਰਜ਼ਿ ਅੱਲਾਹੁ ਅਨਹੁ ਨੂੰ 50 ਆਦਮੀਆਂ ਦੇ ਨਾਲ਼ ਬਨੂ ਸਲੀਮ ਵੱਲ ਭੇਜਿਆ ਜਿਹੜੇ ਮਦੀਨੇ ਦੇ ਨੇੜੇ ਆਬਾਦ ਸਨ। ਬਨੂ ਸਲੀਮ ਦਾ ਇੱਕ ਜਾਸੂਸ ਆਪ ਰਜ਼ਿ ਅੱਲਾਹੁ ਅਨਹੁ ਦੇ ਨਾਲ਼ ਸੀ। ਉਸ ਨੇ ਅੱਗੇ ਜਾ ਕੇ ਆਪਣੀ ਕ਼ੌਮ ਨੂੰ ਚੁਕੰਨਾ ਕਰ ਦਿੱਤਾ ਅਤੇ ਉਹਨਾਂ ਨੇ ਇੱਕ ਵੱਡੀ ਫ਼ੌਜ ਜਮ੍ਹਾ ਕਰ ਲਈ। ਜਦ ਹਜ਼ਰਤ ਅਖ਼ਰਮ ਰਜ਼ਿ ਅੱਲਾਹੁ ਅਨਹੁ ਉਹਨਾਂ ਦੇ ਕੋਲ਼ ਪਹੁੰਚੇ ਤਾਂ ਬਨੂ ਸਲੀਮ ਉਹਨਾਂ ਦੇ ਮੁਕ਼ਾਬਲੇ ਦੇ ਲਈ ਤਿਆਰ ਸਨ। ਆਪ ਰਜ਼ਿ ਅੱਲਾਹੁ ਅਨਹੁ ਨੇ ਉਹਨਾਂ ਨੂੰ ਇਸਲਾਮ ਦੀ ਦਾਅਵਤ ਦਿੱਤੀ ਤਾਂ ਉਹਨਾਂ ਨੇ ਇਨਕਾਰ ਕਰ ਦਿੱਤਾ। ਇਸ ਦੇ ਬਾਅਦ

ਦੋਹਾਂ ਪਾਸਿਆਂ ਤੋਂ ਕੁੱਝ ਦੇਰ ਤੀਰਅੰਦਾਜ਼ੀ ਹੋਈ। ਇਸੇ ਦੌਰਾਨ ਬਨੂ ਸਲੀਮ ਦੇ ਲਈ ਕੁੱਝ ਹੋਰ ਮਦਦ ਆ ਗਈ ਅਤੇ ਉਹਨਾਂ ਨੇ ਮੁਸਲਮਾਨਾਂ ਨੂੰ ਹਰ ਪਾਸਿਓਂ ਘੇਰ ਲਿਆ। ਮੁਸਲਮਾਨਾਂ ਨੇ ਬਹੁਤ ਸਖ਼ਤ ਜੰਗ ਲੜੀ ਇੱਥੋਂ ਤੱਕ ਕਿ ਉਹਨਾਂ ਵਿੱਚੋਂ ਅਕਸਰ ਸ਼ਹੀਦ ਹੋ ਗਏ ਅਤੇ ਹਜ਼ਰਤ ਅਖ਼ਰਮ ਰਜ਼ਿ ਅੱਲਾਹੁ ਅਨਹੁ ਵੀ ਕ਼ਤਲ ਹੋਣ ਵਾਲਿਆਂ ਦੇ ਨਾਲ਼ ਸ਼ਦੀਦ ਜ਼ਖ਼ਮੀ ਹੋ ਕੇ ਡਿੱਗ ਪਏ। ਫਿਰ ਇਕ ਸਫ਼ਰ ਅੱਠ ਹਿਜਰੀ ਨੂੰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਪਹੁੰਚ ਗਏ।

ਫਿਰ ਇੱਕ ਸਿਰੀਯਾ ਹਜ਼ਰਤ ਗ਼ਾਲਿਬ ਬਿਨ ਅਬਦੁੱਲਾ ਲੈਸੀ, ਕਦੀਦ ਦੇ ਵੱਲ ਦਾ ਜ਼ਿਕਰ ਹੈ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪ ਰਜ਼ਿ ਅੱਲਾਹੁ ਅਨਹੁ ਨੂੰ ਸਫ਼ਰ ਅੱਠ ਹਿਜਰੀ ਵਿੱਚ ਬਨੂ ਲੈਸ ਦੀ ਸ਼ਾਖ਼ ਬਨੂ ਮੁਲੱਵਾ ਵੱਲ ਪੰਦਰਾਂ ਵਿਅਕਤੀਆਂ ਦੇ ਨਾਲ਼ ਰਵਾਨਾ ਕੀਤਾ ਜਿਹੜੇ ਕਦੀਦ ਵਿੱਚ ਰਹਿੰਦੇ ਸਨ ਅਤੇ ਇਹ ਸਿਰੀਯਾ ਵਿੱਚ ਮੁਸਲਮਾਨਾਂ ਦਾ ਨਾਅਰਾ ਅਮਿਤ ਅਮਿਤ أَمِتْ أَمِتْ ਸੀ।

ਇਸ ਸਿਰੀਯਾ ਦੀ ਥੋੜੀ ਜਿਹੀ ਤਫਸੀਲ ਬਿਆਨ ਕਰਨ ਦੇ ਬਾਅਦ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਜੇ ਇਹ ਵਾਕ਼ਿਆਤ ਚੱਲ ਰਹੇ ਹਨ। ਇਸ ਵੇਲ਼ੇ ਮੈਂ ਪਾਕਿਸਤਾਨ ਦੇ ਅਹਮਦੀਆਂ ਲਈ ਵੀ ਖ਼ਾਸ ਤੌਰ 'ਤੇ ਦੁਆ ਲਈ ਕਹਿਣਾ ਚਾਹੁੰਦਾ ਹਾਂ। ਅਤੇ ਜਿਵੇਂ ਕਿ ਮੈਂ ਕਿਹਾ ਸੀ ਕਿ ਦਰੂਦ ਦੇ ਵੱਲ ਤਵੱਜੋ ਕਰੋ ਅਤੇ 200 ਵਾਰ ਪੜ੍ਹਿਆ ਕਰੋ سُبْحَانَ اللّٰہِ وَبِحَمْدِہٖ سُبْحَانَ اللّٰہِ الْعَظِیْمِ اَللّٰھُمَّ صَلِّ عَلٰی مُحَمَّدٍ وَّآلِ مُحَمَّدٍ ਇਸ ਵੱਲ ਜਿੰਨੀ ਤਵੱਜੋ ਕਰ ਸਕਦੇ ਹੋ, ਹੋਣੀ ਚਾਹੀਦੀ ਹੈ। ਜੇਕਰ ਅਸੀਂ ਦੁਆ ਦਾ ਹੱਕ਼ ਅਦਾ ਕਰਦੇ ਹੋਏ ਦੁਆਵਾਂ ਵੱਲ ਤਵੱਜੋ ਕਰਾਂਗੇ ਤਾਂ ਫਿਰ ਹੀ ਕਾਮਯਾਬੀ ਹੈ। ਜਿੰਨੀ ਤਵੱਜੋ ਦੇਣੀ ਚਾਹੀਦੀ ਸੀ ਉਹ ਤਵੱਜੋ ਨਹੀਂ ਦਿੱਤੀ ਜਾ ਰਹੀ। ਸਿਰਫ਼ ਇਹ ਕਹਿ ਦੇਣਾ, ਕੁੱਝ ਲੋਕ ਮੈਨੂੰ ਵੀ ਲਿਖ ਦਿੰਦੇ ਹਨ ਕਿ ਸਿਰਫ਼ ਦੁਆਵਾਂ ਨਾਲ਼ ਤਾਂ ਕੁੱਝ ਨਹੀਂ ਹੋਵੇਗਾ, ਕੁੱਝ ਹੋਰ ਕਰਨਾ ਚਾਹੀਦਾ ਹੈ, ਕੁੱਝ ਹੋਰ ਕੀ ਕਰਨਾ ਚਾਹੀਦਾ ਹੈ? ਸਾਡਾ ਹਥਿਆਰ ਤਾਂ ਸਿਰਫ਼ ਦੁਆਵਾਂ ਹਨ। ਇਸ ਬਾਰੇ ਮੈਂ ਕਈ ਵਾਰ ਬਿਆਨ ਕਰ ਚੁੱਕਾ ਹਾਂ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੀਆਂ ਲਿਖਤਾਂ ਬਿਆਨ ਕਰ ਚੁੱਕਾ ਹਾਂ। ਇਹ ਇੰਤਿਹਾਈ ਗ਼ਲਤ ਖ਼ਿਆਲ ਹੈ ਕਿ ਦੁਆਵਾਂ ਨਾਲ਼ ਕੁੱਝ ਨਹੀਂ ਹੋਣਾ। ਬਹਿਰਹਾਲ ਦੁਆਵਾਂ ਹੀ ਹਨ ਜਿਹੜੀਆਂ ਸਾਡੀ ਕਾਮਯਾਬੀ ਦਾ ਹੱਲ ਹਨ। ਅੱਲਾਹ ਤਆਲਾ ਸਭ ਨੂੰ ਇਸ ਦੀ ਤੌਫ਼ੀਕ਼ ਵੀ ਦੇਵੇ ਅਤੇ ਅਸੀਂ ਦੁਆ ਦਾ ਹੱਕ਼ ਅਦਾ ਕਰਨ ਵਾਲ਼ੇ ਬਣੀਏ। ਜੇਕਰ ਅਸੀਂ ਸਿਰਫ਼ ਇਹ ਕਹਿ ਦੇਈਏ ਕਿ ਦੁਆਵਾਂ ਨਾਲ਼ ਕੁੱਝ ਨਹੀਂ ਹੋਣਾ, ਹੱਕ਼ ਅਦਾ ਨਹੀਂ ਕਰਨਾ ਤਾਂ ਇਹ ਗਲਤ ਸ਼ਿਕਵਾ ਹੈ ਜਿਹੜਾ ਅਸੀਂ ਅੱਲਾਹ ਤਆਲਾ ਨਾਲ਼ ਕਰਾਂਗੇ। ਬਸ ਅਸਤਗ਼ਫ਼ਾਰ ਵੀ ਕਰਨਾ ਚਾਹੀਦਾ ਹੈ। ਅੱਜ ਕਰਾਚੀ ਵਿੱਚ ਇੱਕ ਵਾਕ਼ਿਆ ਵੀ ਹੋਇਆ ਹੈ। ਬਲਵਾਈਆਂ ਨੇ, ਦਹਿਸ਼ਤਗਰਦਾਂ ਨੇ, ਇਸਲਾਮ ਦੇ ਨਾਮ 'ਤੇ ਹਨ ਪਰ ਦਹਿਸ਼ਤਗਰਦ ਹੀ ਹਨ, ਸਾਡੀ ਮਸਜਿਦ 'ਤੇ ਹਮਲਾ ਕੀਤਾ ਹੈ ਅਤੇ ਇੱਕ ਅਹਮਦੀ ਨੂੰ ਸ਼ਹੀਦ ਵੀ ਕਰ ਦਿੱਤਾ ਹੈ إِنَّا لِلّٰهِ وَإِنَّا إِلَيْهِ رَاجِعُون ਇਸ ਦੀ ਪੂਰੀ ਤਫ਼ਸੀਲ ਤਾਂ ਅਜੇ ਨਹੀਂ ਮਿਲ਼ੀ। ਤਫ਼ਸੀਲ ਆਏਗੀ ਤਾਂ ਬਿਆਨ ਵੀ ਹੋ ਜਾਵੇਗੀ ਇੰਨਸ਼ਾ ਅਲਾਹ। ਅੱਲਾਹ ਤਆਲਾ ਉਹਨਾਂ ਜ਼ਾਲਮਾਂ ਦੀ ਪਕੜ ਦੇ ਛੇਤੀ ਸਮਾਨ ਕਰੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞